# Visit of Minister of Foreign Affairs of Maldives to India (April 15-16, 2021)

April 14, 2021

---

# ਮਾਲਦੀਵ ਦੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਦੀ ਭਾਰਤ ਫੇਰੀ (15-16 ਅਪ੍ਰੈਲ, 2021)

14 ਅਪ੍ਰੈਲ, 2021

ਮਾਲਦੀਵ ਦੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਮਹਾਮਹਿਮ ਸ਼੍ਰੀ ਅਬਦੁੱਲਾ ਸ਼ਾਹਿਦ 15-16 ਅਪ੍ਰੈਲ 2021 ਨੂੰ ਆਪਣੇ ਕਾਰਜਕਾਰੀ ਦੌਰੇ 'ਤੇ ਭਾਰਤ ਆਉਣਗੇ।

ਨਵੀਂ ਦਿੱਲੀ ਦੇ ਆਪਣੇ ਦੌਰੇ ਦੌਰਾਨ ਵਿਦੇਸ਼ ਮੰਤਰੀ ਸ਼ਾਹਿਦ 16 ਅਪ੍ਰੈਲ, 2021 ਨੂੰ ਭਾਰਤੀ ਵਿਦੇਸ਼ ਮੰਤਰੀ ਡਾ. ਐੱਸ ਜੈਸ਼ੰਕਰ ਨਾਲ ਮੁਲਾਕਾਤ ਕਰ ਆਪਸੀ ਹਿੱਤ ਦੇ ਦੁਵੱਲੇ, ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ ਉੱਤੇ ਵਿਚਾਰ ਵਟਾਂਦਰੇ ਕਰਨਗੇ।

ਵਿਦੇਸ਼ ਮੰਤਰੀ ਸ਼ਾਹਿਦ “Financing for Sun” ਅਤੇ “Global public health after  the Pandemic” ਨਾਮ ਦੇ ਸਤਰਾਂ ਵਿੱਚ ਵਰਚੂਅਲ ਮਾਧਿਅਮ ਰਾਹੀਂ ਰਾਇਸੀਨਾ ਸੰਵਾਦ ਵਿੱਚ ਹਿੱਸਾ ਲੈਣਗੇ।

ਮਾਲਦੀਵ ਹਿੰਦ ਮਹਾਂਸਾਗਰ ਦੇ ਖੇਤਰ ਵਿੱਚ ਭਾਰਤ ਦਾ ਪ੍ਰਮੁੱਖ ਸਮੁੰਦਰੀ ਗੁਆਂਢੀ ਹੈ ਅਤੇ ਇਸਦਾ ਪ੍ਰਧਾਨ ਮੰਤਰੀ ਦੇ 'SAGAR' ਯਾਨੀ Security and Growth For All in the Region ਨਜ਼ਰੀਏ ਵਿੱਚ ਕੇਂਦਰੀ ਅਤੇ ਵਿਸ਼ੇਸ਼ ਸਥਾਨ ਹੈ। ਵਿਦੇਸ਼ ਮੰਤਰੀ ਸ਼ਾਹਿਦ ਦੇ ਦੌਰੇ ਸਦਕਾ ਦੋਵਾਂ ਦੇਸ਼ਾਂ ਦਰਮਿਆਨ ਨੇੜਲੇ ਦੁਵੱਲੇ ਸਹਿਯੋਗ ਨੂੰ ਹੋਰ ਤੇਜ਼ੀ ਮਿਲੇਗੀ।

**ਨਵੀਂ ਦਿੱਲੀ**
**14 ਅਪ੍ਰੈਲ, 2021**

DISCLAIMER: This is an approximate translation. The original is available in English on MEA’s website and may be referred to as the official press release.